ਪੰਜਾਬ ਦੇ ਪਿੰਡ ਪਰਜੀਆਂ ਬਿਹਾਰੀਪੁਰ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਸਤਲੁਜ਼ ਦਰਿਆ ਵਿੱਚੋਂ ਖੇਤੀ ਨਾਲ ਸਬੰਧਿਤ ਜ਼ਮੀਨ ਵਿੱਚ ਰੇਤੇ ਦੀ ਨਿਕਾਸੀ ਲਈ ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14/09/2006 ਤਹਿਤ ਵਾਤਾਵਰਣ ਪ੍ਰਵਾਨਗੀ ਪ੍ਰਾਪਤ ਕਰਨ ਲਈ ਮੈਸ: ਮਹਾਦੇਵ ਇਨਕਲੇਵ ਪ੍ਰਾਈਵੇਟ ਲਿਮਟਿਡ, ਮਕਾਨ ਨੰਬਰ 55-ਸੀ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ ਦੁਆਰਾ ਦਾਇਰ ਕੀਤੀ ਗਈ ਅਰਜ਼ੀ ਦੇ ਸਬੰਧ ਵਿਚ 15.09.2021 ਨੂੰ ਜਨਤਕ ਸੁਣਵਾਈ ਦੀ ਕਾਰਵਾਈ।

ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ:

1. ਸ੍ਰੀ ਰਾਹੁਲ ਚਾਬਾ,
ਵਧੀਕ ਡਿਪਟੀ ਕਮਿਸ਼ਨਰ,
ਲੁਧਿਆਣਾ।

2. ਇੰਜੀ: ਸੰਦੀਪ ਕੁਮਾਰ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ -3, ਲੁਧਿਆਣਾ।

3. ਸ. ਬਲਵਿੰਦਰ ਸਿੰਘ ਸਿਧੂ,
ਫੰਕਸ਼ਨਲ ਮੈਨੇਜਰ,
ਜ਼ਿਲ੍ਹਾ ਉਦਯੋਗਿਕ ਸੈਂਟਰ,
ਲੁਧਿਆਣਾ।

4. ਇੰਜੀ: ਰਾਜਪਾਲ ਗਿੱਲ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ -3, ਲੁਧਿਆਣਾ।

ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ -3, ਲੁਧਿਆਣਾ ਨੇ ਸੁਪਰਵਾਈਜ਼ਿੰਗ-ਕਮ-ਪ੍ਰੀਜ਼ਾਈਡਿੰਗ ਅਧਿਕਾਰੀ ਅਤੇ ਨਾਲ ਲੱਗਦੇ ਕਸਬਿਆਂ / ਪਿੰਡਾਂ ਦਾ ਸਵਾਗਤ ਕੀਤਾ, ਜੋ ਕਿ ਇਸ ਪ੍ਰਾਜੈਕਟ ਦੀ ਜਨਤਕ ਸੁਣਵਾਈ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਦੱਸਿਆ ਕਿ ਮੈਸ: ਮਹਾਦੇਵ ਇਨਕਲੇਵ ਪ੍ਰਾਈਵੇਟ ਲਿਮਟਿਡ, ਮਕਾਨ ਨੰਬਰ 55-ਸੀ, ਸ਼ਹੀਦ ਭਗਤ ਸਿੰਘ ਨਗਰ, ਪੱਖੋਵਾਲ ਰੋਡ, ਲੁਧਿਆਣਾ ਦੁਆਰਾ ਪਿੰਡ ਪਰਜੀਆਂ ਬਿਹਾਰੀਪੁਰ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਸਤਲੁਜ਼ ਦਰਿਆ ਵਿੱਚੋਂ ਖੇਤੀ ਨਾਲ ਸਬੰਧਿਤ ਜ਼ਮੀਨ ਵਿੱਚ ਰੇਤੇ ਦੀ ਨਿਕਾਸੀ ਲਈ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ, ਨਵੀਂ ਦਿੱਲੀ ਦੇ ਦਫ਼ਤਰ ਵਿੱਚ ਈ.ਆਈ.ਏ ਨੋਟੀਫਿਕੇਸ਼ਨ ਨੰ. 1533 (ਈ) ਮਿਤੀ 14.9.2006 ਤਹਿਤ ਵਾਤਾਵਰਣ ਪ੍ਰਵਾਨਗੀ ਲਈ ਬਿਨੈ ਪੱਤਰ ਦਾਇਰ ਕੀਤਾ ਹੈ।

ਇਸ ਤੋਂ ਬਾਅਦ, ਉਨ੍ਹਾਂ ਨੇ ਮੈਸ: ਮਹਾਦੇਵ ਇਨਕਲੇਵ ਪ੍ਰਾਈਵੇਟ ਲਿਮਟਿਡ ਦੇ ਪ੍ਰਤੀਨਿਧੀ ਨੂੰ ਪ੍ਰਾਜੈਕਟ ਬਾਰੇ ਸੰਖੇਪ ਜਾਣਕਾਰੀ ਦੇਣ ਦੀ ਬੇਨਤੀ ਕੀਤੀ। ਸ੍ਰੀ ਸੰਦੀਪ ਗਰਗ, ਕੰਸਲਟੈਂਟ, ਨੇ ਤਜ਼ਵੀਜਤ ਪ੍ਰੋਜੈਕਟ ਬਾਰੇ ਹੇਠ ਲਿਖੇ ਅਨੁਸਾਰ ਜਨਤਾ ਨੂੰ ਦੱਸਿਆ:-

Scanned with CamScanner

- ਸਾਈਟ ਦਾ ਕੁੱਲ ਖੇਤਰ 37 ਹੈਕਟੇਅਰ ਹੈ ਅਤੇ 37 ਹੈਕਟੇਅਰ ਖੇਤਰ ਵਿੱਚੋਂ, ਖਣਨ ਖੇਤਰ 33 ਹੈਕਟੇਅਰ ਹੈ ।
- ਤਿੰਨ ਸਾਲਾਂ ਵਿੱਚ ਕੁੱਲ 16,04,556 ਟਨ ਖਣਿਜ ਰੇਤ ਦੀ ਖੁਦਾਈ ਕੀਤੀ ਜਾਵੇਗੀ ਭਾਵ ਰੇਤ ਦੀ ਖੁਦਾਈ ਦੀ ਸਮਰੱਥਾ 5,34,852 ਟਨ ਪ੍ਰਤੀ ਸਾਲ ਹੋਵੇਗੀ।
- ਈ.ਆਈ.ਏ. ਦੀ ਰਿਪੋਰਟ ਤਿਆਰ ਕਰਨ ਲਈ ਰੈਫਰੈਂਸ ਦੀਆਂ ਸ਼ਰਤਾਂ (ਟੀ.ਓ.ਆਰ.) ਨੂੰ F. No. SEIAA/M.S/2020/3226 ਮਿਤੀ 05 ਨਵੰਬਰ 2020 ਦੁਆਰਾ ਜਾਰੀ ਕੀਤਾ ਗਿਆ ਸੀ। ਇਹ ਜਨਤਕ ਸੁਣਵਾਈ ਈ.ਆਈ.ਏ. ਨੋਟੀਫਿਕੇਸ਼ਨ, 2006 ਦੀ ਪਾਲਣਾ ਕਰਦਿਆਂ ਕੀਤੀ ਜਾ ਰਹੀ ਹੈ।
- ਕੋਈ ਵਾਈਲਡ ਲਾਈਫ ਸੈਨਚੂਰੀ, ਪੁਰਾਤੱਤਵ ਵਿਭਾਗ ਦੀ ਰੱਖ ਰਖਾਵ ਵਾਲਾ ਸਥਾਨ, ਰਾਖਵਾਂ/ਸੁਰੱਖਿਅਤ ਜੰਗਲ ਅਤੇ ਇਤਿਹਾਸਿਕ ਮਹੱਤਤਾ ਵਾਲੀ ਜਗ੍ਹਾ ਸਾਈਟ ਦੇ ਨੇੜੇ ਨਹੀ ਆਉਂਦੀ।
- ਨੇੜਲੇ ਪਿੰਡਾਂ ਤੋ ਰੱਖੇ ਗਏ 200 ਹੁਨਰਮੰਦ/ ਅਰਧ ਹੁਨਰਮੰਦ/ ਗੈਰ ਹੁਨਰਮੰਦ ਵਰਕਰਾਂ ਦੁਆਰਾ ਕੀਤਾ ਜਾਵੇਗਾ। ਸਾਈਟ ਤੋ ਰੇਤ ਦੀ ਖੁਦਾਈ ਲਈ ਕਿਸੇ ਮਸ਼ੀਨਰੀ ਦੀ ਵਰਤੋਂ ਨਹੀ ਕੀਤੀ ਜਾਵੇਗੀ। ਖੁਦਾਈ ਸਿਰਫ ਦਿਨ ਦੇ ਸਮੇਂ ਹੀ ਲੇਬਰ ਦੁਆਰਾ ਹੱਥੀ ਕੀਤੀ ਜਾਵੇਗੀ।
- ਖਣਨ ਕੀਤੀ ਗਈ ਰੇਤ ਦੀ ਆਵਾਜਾਈ 20 ਟਨ ਸਮਰੱਥਾ ਦੇ 26 ਡੰਪਰਾਂ ਰਾਹੀਂ ਕੀਤੀ ਜਾਵੇਗੀ। ਆਵਾਜਾਈ ਖੇਤਰ ਤੇ ਪਾਣੀ ਦਾ ਛਿੜਕਾਅ ਟਰੈਕਟਰ ਦੁਆਰਾ ਸੰਚਾਲਿਤ ਪਾਣੀ ਛਿੜਕਣ ਪ੍ਰਣਾਲੀ ਦੁਆਰਾ ਕੀਤਾ ਜਾਵੇਗਾ।
- ਪ੍ਰੋਜੈਕਟ ਦੀ ਕੁੱਲ ਲਾਗਤ 4147 ਕਰੋੜ ਹੈ, ਜਿਸ ਵਿੱਚੋਂ 12.85 ਲੱਖ ਵਾਤਾਵਰਣ ਨਾਲ ਸਬੰਧਿਤ ਗਤੀਵਿਧੀਆਂ ਲਈ ਰਾਖਵੇਂ ਹਨ।
- ਧਰਤੀ ਹੇਠਲੇ ਪਾਣੀ ਦੀ ਕੁੱਲ ਲੋੜ 12.5 ਕੇ.ਐਲ.ਡੀ ਹੈ, ਜਿਸ ਵਿੱਚੋਂ 3.5 ਕੇ.ਐਲ.ਡੀ ਪਾਣੀ ਧੂੜ ਨੂੰ ਦਬਾਉਣ ਲਈ ਅਤੇ 9.0 ਕੇ.ਐਲ.ਡੀ ਸਾਈਟ ਉਪਰ ਘਰੇਲੂ ਉਦੇਸ਼ ਲਈ ਵਰਤਿਆ ਜਾਵੇਗਾ। ਲਗਭਗ 7.2 ਕੇ.ਐਲ.ਡੀ ਡੋਮੈਸਟਿਕ ਪਾਣੀ ਪੈਦਾ ਹੋਵੇਗਾ, ਜਿਸ ਨੂੰ ਸੈਪਟਿਕ ਟੈਂਕ ਰਾਹੀਂ ਸੋਧਿਆ ਜਾਵੇਗਾ। ਇਹ ਸੋਧਿਆ ਪਾਣੀ ਵੀ ਧੂੜ ਨੂੰ ਦਬਾਉਣ ਲਈ ਵਰਤਿਆ ਜਾਵੇਗਾ।
- ਪ੍ਰੋਜੈਕਟ ਦੇ 10 ਕਿਲੋਮੀਟਰ ਖੇਤਰ ਦੇ ਅੰਦਰ ਪੰਜ ਸਥਾਨਾਂ ਤੇ ਹਵਾ ਦੀ ਗੁਣਵੱਤਾ ਦੀ ਨਿਗਰਾਨੀ ਕੀਤੀ ਗਈ ਹੈ ਅਤੇ ਪੀਐਮ 10, ਪੀਐਮ 2.5, ਸਲਫਰ ਡਾਈਆਕਸਾਈਡ, ਨਾਈਟਰੋਜਨ ਡਾਈਆਕਸਾਈਡ ਦੀ ਗੁਣਵੱਤਾ ਹਵਾ ਗੁਣਵੱਤਾ ਮਿਆਰਾਂ ਦੇ ਅਧੀਨ ਨਿਰਧਾਰਤ ਸੀਮਾਵਾਂ ਦੇ ਅੰਦਰ ਪਾਈ ਗਈ ਹੈ।
- ਖੇਤਰ ਦੇ ਧਰਤੀ ਹੇਠਲੇ ਪਾਣੀ ਦਾ ਅਧਿਐਨ ਕੀਤਾ ਗਿਆ ਹੈ ਅਤੇ ਇਸ ਅਧਿਐਨ ਅਨੁਸਾਰ, ਧਰਤੀ ਹੇਠਲੇ ਪਾਣੀ ਵਿੱਚ ਕੋਈ ਧਾਤੂ ਅਤੇ ਬੈਕਟੀਰੀਆ ਦਾ ਪ੍ਰਦੂਸ਼ਣ ਨਹੀ ਪਾਇਆ ਗਿਆ ਹੈ, ਹਾਲਾਂਕਿ, ਸਰਫੇਸ ਪਾਣੀ ਵਿੱਚ ਬੈਕਟੀਰੀਆ ਦਾ ਦੂਸ਼ਣ ਪਾਇਆ ਗਿਆ ਹੈ।

ਇਸ ਤੋਂ ਬਾਅਦ, ਵਾਤਾਵਰਣ ਇੰਜੀਨੀਅਰ ਵੱਲੋਂ ਜਨਤਕ ਸੁਣਵਾਈ ਵਾਲੀ ਥਾਂ ਤੇ ਮੌਜੂਦ ਲੋਕਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਈ.ਆਈ.ਏ. ਨੋਟੀਫਿਕੇਟ ਦੀ ਮਿਤੀ 14.9.2006 ਦੇ ਅਨੁਸਾਰ ਮੌਜੂਦ ਵਿਅਕਤੀ ਵਾਤਾਵਰਣ ਸਬੰਧੀ ਕੋਈ ਜਾਣਕਾਰੀ ਜਾਂ ਸਪਸ਼ਟੀਕਰਨ ਦੀ ਮੰਗ ਕਰ ਸਕਦੇ ਹਨ। ਉਥੇ ਮੌਜੂਦ ਵਿਅਕਤੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਕਿ ਉਨ੍ਹਾਂ ਦੁਆਰਾ ਮੰਗੀ ਗਈ ਜਾਣਕਾਰੀ ਜਾਂ ਸਪਸ਼ਟੀਕਰਨ ਅਤੇ ਪ੍ਰਜੈਕਟ ਪ੍ਰਸਤਾਵਕ ਵੱਲੋਂ ਦਿੱਤੀ ਗਈ ਜਵਾਬ ਸੁਣਵਾਈ ਦੀ

AEE

Scanned with CamScanner

ਕਾਰਵਾਈ ਦਰਜ ਕੀਤੀ ਜਾਵੇਗੀ, ਜਿਸ ਨੂੰ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਮੰਤਰਾਲੇ ਨੂੰ ਭੇਜਿਆ ਜਾਵੇਗਾ। ਇਸ ਅਨੁਸਾਰ, ਉਨ੍ਹਾਂ ਸੁਣਵਾਈ ਵਿੱਚ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਉਹ ਇੱਕ -ਇੱਕ ਕਰਕੇ ਪ੍ਰੋਜੈਕਟ ਬਾਰੇ ਵਾਤਾਵਰਣ ਸਬੰਧੀ ਜਾਣਕਾਰੀ ਜਾਂ ਸਪਸ਼ਟੀਕਰਨ ਲੈਣ ਲਈ ਕਿਹਾ। ਉਨ੍ਹਾਂ ਇਹ ਵੀ ਦੱਸਿਆ ਕਿ ਬੋਰਡ ਦੁਆਰਾ ਅਜੇ ਤੱਕ ਪ੍ਰਜੈਕਟ ਬਾਰੇ ਕੋਈ ਜਾਣਕਾਰੀ / ਸਪਸ਼ਟੀਕਰਨ / ਟਿਪਣੀਆਂ / ਵਿਚਾਰ / ਸੁਝਾਅ / ਇਤਰਾਜ਼ ਜਨਤਾ ਪਾਸੋਂ ਪ੍ਰਾਪਤ ਨਹੀਂ ਹੋਏ ਹਨ।

ਇਸ ਤੋਂ ਬਾਅਦ, ਸੁਣਵਾਈ ਦੇ ਸਥਾਨ ਤੇ ਮੌਜੂਦ ਵਿਅਕਤੀਆਂ ਦੁਆਰਾ ਮੰਗੀ ਗਈ ਜਾਣਕਾਰੀ / ਸਪਸ਼ਟੀਕਰਨ ਦਾ ਵੇਰਵਾ ਅਤੇ ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਦਿੱਤਾ ਜਵਾਬ ਇਸ ਪ੍ਰਕਾਰ ਹੈ:

1) **ਸ੍ਰੀ ਗੁਰਦਿਆਲ ਸਿੰਘ, ਵਸਨੀਕ ਪਿੰਡ ਪਰਜੀਆ ਬਿਹਾਰੀਪੁਰ**

**ਸਵਾਲ:-** ਪਿੰਡ ਵਿੱਚ ਪਿਛਲੇ ਪੰਜ ਸਾਲਾਂ ਤੋਂ ਮਾਈਨਿੰਗ ਚੱਲ ਰਹੀ ਹੈ ਅਤੇ ਡੂੰਘੀ ਮਾਈਨਿੰਗ ਕਾਰਨ ਉਸਦੀ ਖੇਤੀਯੋਗ ਜ਼ਮੀਨ ਖਰਾਬ ਹੋ ਗਈ ਅਤੇ ਅੱਜ ਤੱਕ ਉਸ ਨੂੰ ਕੋਈ ਮੁਆਵਜਾਂ ਨਹੀ ਮਿਲਿਆ ਹੈ। ਉਸ ਨੂੰ ਡਰ ਹੈ ਕਿ ਮਾਈਨਿੰਗ ਕਾਰਨ ਉਸ ਦੀ ਜ਼ਮੀਨ ਹੋਰ ਖਰਾਬ ਹੋ ਜਾਵੇਗੀ।

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੁਆਰਾ ਇਸ ਸਬੰਧ ਵਿੱਚ ਕੋਈ ਜਵਾਬ ਨਹੀ ਦਿੱਤਾ ਗਿਆ।

2) **ਸ੍ਰੀ ਕਰਨੈਲ ਸਿੰਘ ਪੁੱਤਰ ਮੱਲਾ ਸਿੰਘ, ਵਸਨੀਕ ਪਿੰਡ ਖੁਰਸ਼ੈਦਪੁਰਾ, ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ।**

**ਸਵਾਲ:-** ਪ੍ਰੋਜੈਕਟ ਪ੍ਰੋਪੋਨੇਂਟ ਨੇ ਉਸ ਦੀ 10 ਏਕੜ ਜ਼ਮੀਨ ਵਿੱਚ ਖੁਦਾਈ ਕੀਤੀ ਹੈ ਅਤੇ ਉਸਨੂੰ ਕੋਈ ਰਾਇਲਟੀ ਨਹੀ ਦਿੱਤੀ ਗਈ ਅਤੇ ਪ੍ਰੋਜੈਕਟ ਪ੍ਰੋਪੋਨੇਂਟ ਉਸ ਨੂੰ ਧਮਕਾ ਰਿਹਾ ਹੈ।

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੁਆਰਾ ਇਸ ਸਬੰਧ ਵਿੱਚ ਕੋਈ ਜਵਾਬ ਨਹੀ ਦਿੱਤਾ ਗਿਆ।

3) **ਡਾ. ਰਮਨਦੀਪ ਕੋਰ, ਸੀ.ਐਚ.ਓ, ਸਬ-ਹੈਲਥ ਸੈਂਟਰ ਕੰਨੀਆ ਹੁਸੈਨੀ/ ਪਰਜੀਆਂ ਬਿਹਾਰੀਪੁਰ**

**ਸਵਾਲ:-** ਉਪ-ਸਿਹਤ ਕ੍ਰੇਂਦਰ ਦੀ ਕੋਈ ਚਾਰਦਿਵਾਰੀ ਨਹੀਂ ਹੈ ਅਤੇ ਜਿਸ ਕਾਰਨ ਅਵਾਰਾ ਪਸ਼ੂ ਐਸ.ਐਚ.ਸੀ ਵਿੱਚ ਦਾਖ਼ਲ ਹੋ ਜਾਂਦੇ ਹਨ। ਚਾਰਦੀਵਾਰੀ ਅਣਹੋਂਦ ਕਾਰਨ ਕੀਮਤੀ ਸਾਮਾਨ ਦੀ ਚੋਰੀ ਦੀ ਸਮੱਸਿਆ ਵੀ ਹੈ।

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੀ ਤਰਫ਼ੋਂ ਸਲਾਹਕਾਰ ਨੇ ਦੱਸਿਆ ਕਿ ਉਹਨਾਂ ਨੇ ਕਾਪੋਰੇਟ ਵਾਤਾਵਰਣ ਜ਼ਿੰਮੇਵਾਰੀ (ਸੀਈਆਰ) ਵਜੋਂ 12.85 ਲੱਖ ਰੁਪਏ ਰਾਖ਼ਵੇ ਰੱਖੇ ਹਨ ਅਤੇ ਜੇ ਪਿੰਡ ਦੀ ਪੰਚਾਇਤ ਇਜ਼ਾਜਤ ਦਿੰਦੀ ਹੈ ਤਾਂ ਪ੍ਰੋਜੈਕਟ ਪ੍ਰਸਤਾਵਕ ਉਪ-ਸਿਹਤ ਕੇਂਦਰ ਦੀ ਚਾਰਦਿਵਾਰੀ ਦੀ ਉਸਾਰੀ ਲਈ ਫੰਡ ਦੇ ਸਕਦਾ ਹੈ।

4) **ਸ੍ਰੀ ਦਰਬਾਰਾ ਸਿੰਘ, ਸਾਬਕਾ ਸਰਪੰਚ, ਪਿੰਡ ਕੰਨੀਆ ਹੁਸੈਨੀ, ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ।**

**ਸਵਾਲ:-** ਪ੍ਰੋਜੈਕਟ·ਪ੍ਰਸਤਾਵਕ ਨੇੜਲੇ ਪਿੰਡਾਂ ਦੇ ਵਸਨੀਕਾਂ ਨੂੰ ਆਪਣੇ ਘਰਾਂ ਦੀ ਮੁਰੰਮਤ ਲਈ ਥੋੜੀ ਮਾਤਰਾ ਵਿੱਚ ਰੇਤ ਚੁੱਕਣ ਦੀ ਆਗਿਆ ਨਹੀ ਦਿੰਦਾ। ਉਹਨਾ ਨੇ ਬੇਨਤੀ ਕੀਤੀ ਕਿ ਨੇੜਲੇ ਪਿੰਡਾਂ ਦੇ ਵਸਨੀਕਾਂ ਨੂੰ ਘਰਾਂ/ਛੋਟੀਆਂ ਉਸਾਰੀਆਂ ਦੀ ਮੁਰੰਮਤ ਲਈ ਘੱਟ ਮਾਤਰਾ ਵਿੱਚ ਮੁੱਫ਼ਤ ਰੇਤ ਚੱਕਣ ਦੀ ਆਗਿਆ ਦੇਣੀ ਚਾਹੀਦੀ ਹੈ।

Scanned with CamScanner

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੀ ਤਰਫ਼ੋ ਸਲਾਹਕਾਰ ਨੇ ਦੱਸਿਆ ਕਿ ਨੇੜਲੇ ਪਿੰਡਾਂ ਦੇ ਵਸਨੀਕਾਂ ਨੂੰ ਸਬਸਿਡੀ ਰੇਟਾਂ ਤੇ ਰੇਤ ਮੁਹੱਈਆ ਕਰਵਾਈ ਜਾਵੇਗੀ ਅਤੇ ਮੁੱਫ਼ਤ ਨਹੀ ਦਿੱਤੀ ਜਾ ਸਕਦੀ।

5) **ਸ੍ਰੀ ਗੁਰਦਿਆਲ ਸਿੰਘ, ਵਸਨੀਕ ਪਿੰਡ ਪਰਜੀਆ ਬਿਹਾਰੀਪੁਰ**

**ਸਵਾਲ:-** ਉਸ ਨੇ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੱਲ ਰਹੇ ਅਦਾਲਤੀ ਕੇਸ ਦੇ ਸਬੰਧ ਵਿੱਚ ਸੁਪਰਵਾਈਜ਼ਿੰਗ-ਕਮ-ਪ੍ਰੀਜ਼ਾਈਡਿੰਗ ਅਧਿਕਾਰੀ ਨੂੰ ਪ੍ਰਤੀਨਿਧਤਾ ਦਿੱਤੀ।

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੁਆਰਾ ਇਸ ਸਬੰਧ ਵਿੱਚ ਕੋਈ ਜਵਾਬ ਨਹੀ ਦਿੱਤਾ ਗਿਆ।

6) **ਸ੍ਰੀ ਤੇਜਾ ਸਿੰਘ ਪੁੱਤਰ ਸ੍ਰੀ ਕਰਮ ਸਿੰਘ ਵਸਨੀਕ ਪਿੰਡ ਮੱਦੇਪੁਰ, ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ।**

**ਸਵਾਲ:-** ਸਾਲ 2013 ਵਿੱਚ ਮਾਈਨਿੰਗ ਦੇ ਕਾਰਨ ਮਿੱਟੀ ਦਾ ਨੁਕਸਾਨ ਹੋਇਆ ਕਿਉਂਕਿ ਮਾਈਨਿੰਗ 50 ਫੁੱਟ ਤੋ ਜਿਆਦਾ ਡੂੰਘੀ ਸੀ। ਖੇਤਰ ਵਿੱਚ ਨਿਰੰਤਰ ਮਾਈਨਿੰਗ ਦੇ ਕਾਰਨ ਸੜਕਾਂ ਖ਼ਰਾਬ ਹੋ ਗਈਆਂ ਅਤੇ ਉਹਨਾ ਦੇ ਬੱਚੇ ਸਕੂਲ ਨਹੀ ਜਾ ਪਜ ਰਹੇ, ਸਤਲੁਜ਼ ਦਰਿਆ ਧੁੱਸੀ ਪੱਟੀ ਖਰਾਬ ਹੋ ਗਈ ਅਤੇ 1 ਮੀਟਰ ਤੋ ਵੱਧ ਡੂੰਘੀ ਖੁਦਾਈ ਦੀ ਕੋਈ ਜਾਂਚ ਨਹੀਂ ਹੋਈ। ਮਾਈਨਿੰਗ 50 ਫੁੱਟ ਤੋ ਜਿਆਦਾ ਡੂੰਘੀ ਕੀਤੀ ਜਾ ਚੁੱਕੀ ਹੈ। ਇਸ ਸਬੰਧੀ ਵੱਖਰਾ ਅਦਾਲਤੀ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਸ ਸਬੰਧੀ ਵਿਚਾਰ ਅਧੀਨ ਹੈ। ਡੂੰਘੀ ਖੁਦਾਈ ਦੇ ਕਾਰਨ ਨੇੜਲੇ ਪਿੰਡਾ ਦਾ ਧਰਤੀ ਹੇਠਲਾ ਪਾਣੀ ਵੀ ਦੂਸ਼ਿਤ ਹੋ ਗਿਆ ਹੈ। ਪ੍ਰੋਜੈਕਟ ਪ੍ਰਸਤਾਵਕ ਨੇ ਹੜ੍ਹ ਤੋਂ ਪਹਿਲਾਂ ਸਫ਼ਾਈ ਦੇ ਬਹਾਨੇ ਵੱਡੀ ਮਾਤਰਾ ਵਿੱਚ ਰੇਤ ਦੀ ਖੁਦਾਈ ਕੀਤੀ ਹੈ ਅਤੇ ਵੱਡੀ ਮਾਤਰਾ ਵਿੱਚ ਰੇਤ ਨੂੰ ਪਿੰਡਾ ਦੇ ਨੇੜੇ ਵੱਡੀ ਮਾਤਰਾ ਵਿੱਚ ਸਟੋਰ ਕੀਤਾ ਹੈ। ਡੂੰਘੀ ਖੁਦਾਈ ਕਾਰਨ ਸਤਲੁਜ਼ ਦਰਿਆ ਦਾ ਵਹਾਅ ਵੀ ਮੋੜ ਦਿੱਤਾ ਗਿਆ। ਇਸ ਖੇਤਰ ਦੇ ਬਹੁਗਿਣਤੀ ਕਿਸਾਨਾ ਕੋਲ ਬਹੁਤ ਘੱਟ ਜਮੀਨ ਹੈ ਅਤੇ ਉਨ੍ਹਾਂ ਨੂੰ ਮਾਈਨਿੰਗ ਸਾਈਟ ਦੀ ਜਾਂਚ ਕਰਨ ਦੀ ਆਗਿਆ ਨਹੀ ਹੈ। ਪ੍ਰੋਜੈਕਟ ਪ੍ਰਸਤਾਵਕ ਨੇ ਗੁੰਡਿਆਂ/ ਹਥਿਆਰਬੰਦ ਵਿਅਕਤੀਆਂ ਨੂੰ ਕਿਰਾਏ ਤੇ ਲਿਆ ਹੈ ਤਾਂ ਜ਼ੋ ਪਿੰਡ ਵਾਸੀਆਂ ਨੂੰ ਸਾਈਟ ਤੋ ਦੂਰ ਰੱਖਿਆ ਜਾ ਸਕੇ। ਪ੍ਰੋਜੈਕਟ ਪ੍ਰਸਤਾਵਕ ਨੂੰ ਅੱਗੇ ਹੋਰ ਕੋਈ ਕੰਮ ਅਲਾਟ ਨਹੀ ਕੀਤਾ ਜਾਣਾ ਚਾਹੀਦਾ, ਕਿਉਂਕਿ ਖਣਲ ਹਮੇਸ਼ਾ ਮਸ਼ੀਨਾ ਦੁਆਰਾ ਕੀਤਾ ਜਾਂਦਾ ਹੈ ਅਤੇ ਸਾਈਟ ਤੇ ਲੇਬਰ ਦੀ ਆਗਿਆ ਨਹੀ ਹੈ।

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੀ ਤਰਫ਼ੋ ਸਲਾਹਕਾਰ ਨੇ ਦੱਸਿਆ ਕਿ ਹਰ ਸਾਲ ਨਦੀ ਵਿੱਚ ਰੇਤ ਇਕੱਠੀ ਹੁੰਦੀ ਹੈ ਅਤੇ ਹੜ੍ਹ ਨੂੰ ਰੋਕਣ ਲਈ ਮਾਈਨਿੰਗ ਜ਼ਰੂਰੀ ਹੈ ਅਤੇ ਨੇੜਲੇ ਪਿੰਡਾਂ ਲਈ ਲਾਭਦਾਇਕ ਹੈ। ਕੋਈ ਜੇ ਸੀ ਬੀ / ਕੋਈ ਹੋਰ ਮਸ਼ੀਨ ਖਣਨ ਲਈ ਵਰਤੀ ਨਹੀ ਜਾਵੇਗੀ ਅਤੇ ਖਣਨ ਕਿਰਤ (200 ਵਿਅਕਤੀਆਂ) ਦੁਆਰਾ ਹੱਥੀਂ ਕੀਤਾ ਜਾਵੇਗਾ ਅਤੇ ਪਿੰਡ ਵਾਸੀ ਇਸ ਦੀ ਜਾਂਚ ਕਰ ਸਕਦੇ ਹਨ। ਸੁਪਰਵਾਈਜ਼ਿੰਗ-ਕਮ-ਪ੍ਰੀਜ਼ਾਈਡਿੰਗ ਅਧਿਕਾਰੀ ਨੇ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਚੱਲ ਰਹੇ ਅਦਾਲਤੀ ਕੇਸ ਦੀ ਜਾਣਕਾਰੀ ਦੇਣ ਲਈ ਕਿਹਾ ਗਿਆ।

7) **ਸ੍ਰੀ ਬੂਟਾ ਸਿੰਘ ਪੁੱਤਰ ਸ੍ਰੀ ਸ਼ਿੰਗਾਰਾ ਸਿੰਘ ਵਸਨੀਕ ਪਿੰਡ ਮੱਧੇਪੁਰ, ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ।**

Scanned with CamScanner

**ਸਵਾਲ:-** ਮਾਈਨਿੰਗ ਖੇਤਰ ਦੀਆਂ ਜ਼ਿਆਦਾਤਰ ਜ਼ਮੀਨਾਂ ਮਾਲਕੀ ਵਾਲੀਆਂ ਹਨ। ਸਮਝੌਤੇ ਅਨੁਸਾਰ ਰਾਇਲਟੀ ਖੁਦਾਈ ਦੀ ਮਾਤਰਾ ਦੇ ਆਧਾਰ ਤੇ ਦਿੱਤੀ ਜਾਣੀ ਹੈ ਜਿਵੇ ਕਿ 1.00 ਰੁਪਏ ਪ੍ਰਤੀ ਘਣ ਫੁੱਟ। ਹਾਲਾਂਕਿ, ਪ੍ਰੋਜੈਕਟ ਪ੍ਰਸਤਾਵਕ ਦੁਆਰਾ ਨਿਯੁਕਤ ਕੀਤੇ ਗਏ ਸਿਰਫ਼ 30,000/- ਰੁਪਏ ਪ੍ਰਤੀ ਏਕੜ ਕਿਸਾਨਾ ਨੂੰ ਦੇ ਰਹੇ ਹਨ। ਇਸ ਖੇਤਰ ਵਿੱਚ ਜ਼ਮੀਨਾ ਦੀ ਸੰਪਤੀ ਬਹੁਤ ਘੱਟ ਹੈ ਅਤੇ ਬੇਰੋਜਗਾਰੀ ਬਹੁਤ ਜਿਆਦਾ ਹੈ। ਰਾਇਲਟੀ ਦੀ ਸਹ ਰਕਮ ਕਿਸਾਨਾਂ/ ਜ਼ਮੀਨ ਮਾਲਕਾਂ ਨੂੰ ਦਿੱਤੀ ਜਾਣੀ ਚਾਹੀਦੀ ਹੈ।

ਪ੍ਰੋਜੈਕਟ ਦੇ ਪ੍ਰਸਤਾਵਕ ਦੁਆਰਾ ਮਾਈਨਿੰਗ ਰਾਤ ਦੇ ਸਮੇਂ ਵੀ ਕੀਤੀ ਜਾਂਦੀ ਹੈ ਅਤੇ ਪਿਛਲੇ ਮਾਈਨਿੰਗ ਸਮੇ ਦੌਰਾਨ 24 ਘੰਟੇ ਮਾਈਨਿੰਗ ਕਰਕੇ ਵੱਡੀ ਮਾਤਰਾ ਵਿੱਚ ਰੇਤ ਦੇ ਢੇਰ ਲਗਾਏ ਗਏ ਸਨ। ਸਾਲ 2010 ਵਿੱਚ ਹੜ੍ਹ ਆਏ ਸਨ ਅਤੇ ਪਿੰਡ ਵਾਸੀਆਂ ਨੇ ਖੁੱਦ ਸਤਲੁਜ਼ ਦਰਿਆ ਦੇ ਨਾਲ ਬੰਦ ਨੂੰ ਬਚਾਇਆ ਸੀ। ਵਰਤਮਾਨ ਵਿੱਚ ਵਿਆਪਕ ਖਣਨ ਦੇ ਕਾਰਨ ਬੰਦ ਦਾ ਉਚਾ ਪੱਧਰ 2010 ਦੇ ਪੱਧਰ ਤੋ 3 ਫੁੱਟ ਘੱਟ ਗਿਆ ਹੈ। ਸਤਲੁਜ਼ ਦਰਿਆ ਦੇ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਤਕਰੀਬਨ 35-40 ਪਿੰਡ ਹਨ ਜਿਵੇਂ ਕਿ ਕੰਨੀਆ ਹੁਸੈਨੀ, ਪਰਜੀਆਂ ਬਿਹਾਰੀਪੁਰ, ਬਹਾਦਰਕੇ, ਸ਼ੇਰੇਵਾਲਾ, ਕੱਕੜ ਅਤੇ ਜੇ ਹੜ੍ਹ ਦੀ ਸਥਿਤੀ ਪੈਦਾ ਹੁੰਦੀ ਹੈ, ਤਾਂ ਮੌਜ਼ੂਦਾ ਸਥਿਤੀ ਵਿੱਚ ਬੰਦ ਸਾਲ 2010 ਦੇ ਪ੍ਰਵਾਹ ਦੇ ਪੱਧਰ ਨੂੰ ਸੰਭਾਲ ਨਹੀ ਸਕਦਾ।

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੁਆਰਾ ਇਸ ਸਬੰਧ ਵਿੱਚ ਕੋਈ ਜਵਾਬ ਨਹੀ ਦਿੱਤਾ ਗਿਆ।

8) **ਸ੍ਰੀ ਜ਼ਸਵੰਤ ਸਿੰਘ ਪੁੱਤਰ ਸ੍ਰੀ ਨਰਿੰਦਰ ਸਿੰਘ ਸੰਧੂ ਵਸਨੀਕ ਪਿੰਡ ਪਰਜੀਆਂ ਬਿਹਾਰੀਪੁਰ, ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ।**

**ਸਵਾਲ:-** ਇਥੇ 35 ਫੁੱਟ ਦੀ ਡੂੰਘਾਈ ਤੇ ਇੱਕ ਭੂਮੀਗਤ ਮਿੱਟੀ ਦੀ ਮੋਟੀ ਪਰਤ ਹੈ ਅਤੇ ਇਸ ਖੇਤਰ ਵਿੱਚ 35 ਫੁੱਟ ਤੋਂ ਵੱਧ ਦੀ ਖੁਦਾਈ ਸੰਭਵ ਨਹੀ ਹੈ। ਸਤਲੁਜ਼ ਦਰਿਆ ਦੇ ਨਾਲ ਬੰਦ ਦੀ ਮੁਰੰਮਤ ਇਸ ਸਾਲ ਹੀ ਕੀਤੀ ਗਈ ਹੈ। ਸਤਲੁਜ਼ ਦਰਿਆ ਵਿੱਚ ਪਾਣੀ ਦੇ ਸਹੀ ਪ੍ਰਵਾਹ ਲਈ ਰੇਤ ਦੀ ਖੁਦਾਈ ਜ਼ਰੂਰੀ ਹੈ। ਪਿੰਡ ਪਰਜੀਆਂ ਬਿਹਾਰੀਪੁਰ ਨੂੰ ਜਾਣ ਵਾਲੀਆਂ ਸਾਰੀਆਂ ਸੜ੍ਹਕਾਂ ਨੂੰ 18 ਫੁੱਟ ਚੋੜਾ ਬਣਾਇਆ ਜਾਣਾ ਚਾਹੀਦਾ ਹੈ।

**ਪ੍ਰੋਜੈਕਟ ਪ੍ਰੋਪੋਨੈਂਟ ਦੁਆਰਾ ਜਵਾਬ:-** ਪ੍ਰੋਜੈਕਟ ਪ੍ਰਸਤਾਵਕ ਦੁਆਰਾ ਇਸ ਸਬੰਧ ਵਿੱਚ ਕੋਈ ਜਵਾਬ ਨਹੀ ਦਿੱਤਾ ਗਿਆ।

ਵਾਤਾਵਰਣ ਇੰਜੀਨੀਅਰ, ਪੀਪੀਸੀਬੀ ਨੇ ਸੁਣਵਾਈ ਵਾਲੇ ਸਥਾਨ ਤੇ ਮੌਜੂਦ ਵਿਅਕਤੀਆਂ ਨੂੰ ਬੇਨਤੀ ਕੀਤੀ ਕਿ ਕੋਈ ਹੋਰ ਵਿਅਕਤੀ ਪ੍ਰਸਤਾਵਿਤ ਹਾਈਵੇਅ ਬਾਰੇ ਕੋਈ ਜਾਣਕਾਰੀ/ ਸਪਸ਼ਟੀਕਰਨ ਲੈਣਾ ਚਾਹੁੰਦਾ ਹੈ ਤਾਂ ਅੱਗੇ ਆ ਸਕਦਾ ਹੈ, ਪਰ ਕੋਈ ਅੱਗੇ ਨਹੀ ਆਇਆ। ਉਸ ਤੋ ਬਾਅਦ ਲੋਕਾਂ ਨੂੰ ਆਪਣੇ ਹੱਥ ਵਧਾਉਣ ਲਈ ਕਿਹਾ ਗਿਆ ਜੋ ਇਸ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਹਨ। 40 ਵਿਅਕਤੀਆਂ (ਕੁੱਲ ਮੌਜ਼ੂਦ ਲੋਕਾਂ ਦਾ 87 ਪ੍ਰਤੀਸ਼ਤ) ਵੱਲੋ ਪ੍ਰਸਤਾਵਿਤ ਪ੍ਰੋਜੈਕਟ ਦੇ ਹੱਕ ਵਿੱਚ ਆਪਣੇ ਹੱਥ ਖੜੇ ਕੀਤੇ ਗਏ। 6 ਵਿਅਕਤੀਆਂ ਨੇ ਪ੍ਰੋਜੈਕਟ ਦੇ ਨਿਰਮਾਣ ਦੇ ਵਿਰੋਧ ਵਿੱਚ ਆਪਣੇ ਹੱਥ ਖੜੇ ਕੀਤੇ। ਇਸ ਜਨਤਕ ਸੁਣਵਾਈ ਵਿੱਚ 46 ਵਿਅਕਤੀਆਂ ਵੱਲੋ ਭਾਗ ਲਿਆ ਗਿਆ।

ਜਨਤਕ ਸੁਣਵਾਈ ਸੁਪਰਵਾਈਜ਼ਰ-ਕਮ-ਪ੍ਰਜਾਈਡਿੰਗ ਅਫਸਰ ਅਤੇ ਹਾਜਰ ਵਿਅਕਤੀਆਂ ਦੇ ਧੰਨਵਾਦ ਸਹਿਤ ਖਤਮ ਕੀਤੀ ਗਈ।

Scanned with CamScanner

| | | | |
|---|---|---|---|
| (ਸ੍ਰੀ ਬਲਵਿੰਦਰ ਸਿੰਘ ਸਿੱਧੂ) | (ਇੰਜੀ: ਰਾਜਪਾਲ ਗਿੱਲ) | (ਇੰਜੀ: ਸੰਦੀਪ ਕੁਮਾਰ) | (ਸ੍ਰੀ ਰਾਹੁਲ ਚਾਬਾ) |
| ਫੰਕਸ਼ਨਲ ਮੈਨੇਜਰ,<br>ਜ਼ਿਲਾ ਉਦਯੋਗਿਕ ਸੈਂਟਰ,<br>ਲੁਧਿਆਣਾ | ਸਹਾਇਕ ਵਾਤਾਵਰਣ ਇੰਜੀਨੀਅਰ,<br>ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,<br>ਖੇਤਰੀ ਦਫਤਰ -3, ਲੁਧਿਆਣਾ | ਵਾਤਾਵਰਣ ਇੰਜੀਨੀਅਰ,<br>ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,<br>ਖੇਤਰੀ ਦਫਤਰ -3, ਲੁਧਿਆਣਾ | ਵਧੀਕ ਡਿਪਟੀ ਕਮਿਸ਼ਨਰ,<br>ਲੁਧਿਆਣਾ |

Scanned with CamScanner